# ਸਮਕਾਲੀ ਪੰਜਾਬੀ ਕਹਾਣੀ : ਦਲਿਤ ਮਸਲੇ, ਵੰਗਾਰਾਂ ਤੇ ਚੁਣੌਤੀਆਂ

**ਪਰਮਪਾਲ ਸਿੰਘ ਬਾਦਲ**

ਭਾਰਤੀ ਸਾਹਿਤ ਵਿਚ ਵੇਦਾਂ ਤੋਂ ਲੈ ਕੇ ਬਾਰ੍ਹਵੀਂ-ਤੇਰ੍ਹਵੀਂ ਸਦੀ ਤਕ ਬ੍ਰਾਹਮਣੀ ਵਿਚਾਰਾਂ ਦਾ ਹੀ ਦਬਦਬਾ ਰਿਹਾ ਹੈ। ਦਲਿਤਾਂ ਨੂੰ ਸਾਹਿਤਕ ਅਤੇ ਧਾਰਮਿਕ ਕਾਰਜਾਂ ਤੋਂ ਹਮੇਸ਼ਾ ਦੂਰ ਹੀ ਰੱਖਿਆ ਜਾਂਦਾ ਸੀ। ਪਰ ਜਦੋਂ ਦਲਿਤ ਵਰਗਾਂ ਉੱਪਰ ਜ਼ੁਲਮ ਤੇ ਜ਼ਬਰ ਆਪਣੀਆਂ ਹੱਦਾਂ ਪਾਰ ਕਰਨ ਲੱਗਿਆ ਤਾਂ ਸਮੇਂ-ਸਮੇਂ 'ਤੇ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਇਸ ਜ਼ਬਰ–ਜ਼ੁਲਮ ਵਿਰੁੱਧ ਵਿਦਰੋਹ ਵੀ ਭੱਖਵੇਂ ਰੂਪ ਵਿਚ ਭੜਕਣ ਲੱਗਾ। ਦਲਿਤ ਦੁਸ਼ਵਾਰੀਆਂ/ਸੰਵੇਦਨਾਵਾਂ ਨੂੰ ਪੇਸ਼ ਕਰਨ ਅਤੇ ਬ੍ਰਾਹਮਣੀ ਵਰਣ-ਵਿਵਸਥਾ ਦੇ ਖਾਤਮੇ ਵਿਰੁੱਧ ਸੰਘਰਸ਼ ਕਰਨ ਦੀ ਜ਼ਬਰਦਸਤ ਪਹਿਲ–ਕਦਮੀ ਮੱਧਕਾਲ ਦੀ ਭਗਤੀ ਲਹਿਰ ਨੇ ਆਰੰਭੀ। ਇਸ ਲਹਿਰ ਨਾਲ ਸੰਬੰਧਤ ਸਿੱਖ ਗੁਰੂਆਂ, ਭਗਤਾਂ, ਸੰਤਾਂ ਦੀ ਬਾਣੀ ਜਿੱਥੇ ਪਰਮਾਤਮਾ ਪ੍ਰਾਪਤੀ ਨਾਲ ਸੰਬੰਧ ਰੱਖਦੀ ਹੈ ਉੱਥੇ ਨਾਲ ਹੀ ਬ੍ਰਾਹਮਣੀ ਸਭਿਆਚਾਰ ਦੀ ਧਾਰਮਿਕ ਕਠੋਰਤਾ, ਕਰੂਰਤਾ, ਕੁਰੀਤੀਆਂ, ਪਾਖੰਡਵਾਦ ਅਤੇ ਵਰਣ-ਵਿਵਸਥਾ ਵਿਰੁੱਧ ਆਵਾਜ਼ ਉਠਾਉਂਦੀ ਹੋਈ ਮਨੁੱਖਤਾ ਨੂੰ ਇਕ ਲੜੀ ਵਿਚ ਪਰੋਣ ਦਾ ਕਾਰਜ ਵੀ ਆਰੰਭਦੀ ਹੈ। ਅੰਗਰੇਜ਼ੀ ਰਾਜ ਸਮੇਂ ਚਲੇ ਸਮਾਜ ਸੁਧਾਰ ਅੰਦੋਲਨਾਂ, ਜੋਤਿਬਾ ਫੂਲੇ, ਨਾਰਾਇਣ ਗੁਰੂ, ਡਾ. ਅੰਬੇਦਕਰ ਆਦਿ ਨੇ ਵੀ ਸੰਘਰਸ਼ ਵਿੱਢ ਕੇ ਨਾ ਸਿਰਫ਼ ਦਲਿਤਾਂ ਦੀਆਂ ਸਥਿਤੀਆਂ ਵਿਚ ਸੁਧਾਰ ਕੀਤਾ ਸਗੋਂ ਉਨ੍ਹਾਂ ਨੂੰ ਆਪਣੀਆਂ ਤਰਸਯੋਗ ਸਥਿਤੀਆਂ ਤੋਂ ਨਜਾਤ ਪਾਉਣ ਲਈ ਹੋਰ ਸੰਘਰਸ਼ ਕਰਨ ਲਈ ਚੇਤੰਨ ਵੀ ਕੀਤਾ। ਭਾਰਤੀ ਸਮਾਜ ਵਿਚ ਦਲਿਤਾਂ ਨੂੰ ਚੇਤੰਨ ਕਰਨ ਲਈ ਚਲੇ ਅੰਦੋਲਨਾਂ/ਜਤਨਾਂ ਨੇ ਸਾਡੇ ਸਮਕਾਲੀ ਸਾਹਿਤਕਾਰਾਂ ਨੂੰ ਵੀ ਉਤਸ਼ਾਹਿਤ ਕੀਤਾ। ਜਦੋਂ ਸਾਡੇ ਸਮਕਾਲੀ ਸਾਹਿਤਕਾਰਾਂ ਨੇ ਦਲਿਤ ਮਸਲਿਆਂ, ਸਮੱਸਿਆਵਾਂ, ਵੰਗਾਰਾਂ ਨੂੰ ਆਪਣੀਆਂ ਵਿਭਿੰਨ ਰਚਨਾਵਾਂ ਵਿਚ ਪੇਸ਼ ਕੀਤਾ ਤਾਂ ਸਾਡੇ ਸਾਹਮਣੇ ਦਲਿਤ ਸਾਹਿਤ, ਦਲਿਤ ਸਾਹਿਤ ਦੀ ਮਹੱਤਤਾ, ਦਲਿਤ ਸਾਹਿਤ ਦਾ ਦਰਸ਼ਨ ਅਤੇ ਦਲਿਤ ਸਾਹਿਤ ਦਾ ਲੇਖਕ ਆਦਿ ਮੁੱਦੇ ਵੀ ਉਭਰੇ ਅਤੇ ਬਹਿਸ ਦਾ ਕਾਰਨ ਵੀ ਬਣੇ। ਅਜਿਹੇ ਮੁੱਦੇ ਬਹਿਸ ਦਾ ਕਾਰਨ ਤਾਂ ਬਣ ਸਕਦੇ ਹਨ ਪਰ ਦਲਿਤ ਸਮੱਸਿਆਵਾਂ/ਵੇਦਨਾਵਾਂ ਦੇ ਸੰਭਾਵੀ ਹੱਲ ਨਹੀਂ ਲੱਭ ਸਕਦੇ।

ਸਮਕਾਲੀ ਪੰਜਾਬੀ ਸਾਹਿਤ ਵਿਚ ਦਲਿਤ ਚੇਤਨਾ/ਸਰੋਕਾਰਾਂ ਦਾ ਮੁੱਦਾ ਲਗਭਗ ਸਾਰੀਆਂ ਹੀ ਸਾਹਿਤਕ ਵਿਧਾਵਾਂ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ। ਬਾਕੀ ਸਾਹਿਤਕ ਵਿਧਾਵਾਂ ਵਾਂਗ ਪੰਜਾਬੀ ਕਹਾਣੀ ਵੀ ਦਲਿਤ ਚੇਤਨਾ/ਸਰੋਕਾਰਾਂ ਨੂੰ ਆਪਣੇ ਬਿਰਤਾਂਤਕ ਵਾਯੂਮੰਡਲ ਵਿਚ ਸ਼ਿੱਦਤ ਨਾਲ ਉਭਾਰਨ ਦੇ ਜਤਨ ਕਰਦੀ ਆ ਰਹੀ ਹੈ। ਪੰਜਾਬੀ ਕਹਾਣੀ ਜਿੱਥੇ ਦਲਿਤਾਂ ਦੇ ਜੀਵਨ ਬਿਰਤਾਂਤ ਦੀਆਂ ਕਸ਼ਟਦਾਇਕ ਪ੍ਰਸਥਿਤੀਆਂ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰ ਰਹੀ ਹੈ ਉਥੇ ਇਨ੍ਹਾਂ ਪ੍ਰਸਥਿਤੀਆਂ ਨੂੰ ਪਰਿਵਰਤਿਤ ਕਰਨ ਲਈ ਧਰਾਤਲਵੀ ਸਿਰਜਦੀ ਨਜ਼ਰ ਆ ਰਹੀ ਹੈ।

ਜੇਕਰ ਦਲਿਤ ਪੰਜਾਬੀ ਕਹਾਣੀ ਦੇ ਇਤਿਹਾਸਕ ਪਿਛੋਕੜ ਉੱਪਰ ਡੂੰਘੀ ਆਲੋਚਨਾਤਮਕ ਨਜ਼ਰ ਮਾਰੀਏ ਤਾਂ ਅਸੀਂ ਇਸ ਨਤੀਜੇ ਉੱਪਰ ਪਹੁੰਚ ਕਰਦੇ ਹਾਂ ਕਿ ਪਹਿਲੇ ਪੜਾਅ ਦੀ ਕਹਾਣੀ ਦਲਿਤ ਅਵਚੇਤਨ ਅਤੇ ਦੂਸਰੇ ਪੜਾਅ ਦੀ ਕਹਾਣੀ ਆਰਥਿਕਤਾ ਦੇ ਆਧਾਰ 'ਤੇ ਦਲਿਤਾਂ ਦੇ ਜੀਵਨ ਯਥਾਰਥ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਤੀਜੇ ਅਤੇ ਚੌਥੇ ਪੜਾਅ ਦੀ ਕਹਾਣੀ ਵਿਚ ਦਲਿਤ ਲੋਕਾਈ ਦੇ ਮੂਲ ਮਸਲੇ, ਦਵੰਦ, ਸੰਕਟ ਅਤੇ ਮੂਕ ਮਾਨਸਿਕ ਕਸਟਾਂ ਦੇ ਬਿਰਤਾਂਤਕ ਵੇਰਵੇ ਬਹੁਰੰਗੇ ਜਲੌਅ ਵਿਚ ਪੇਸ਼ ਹੋਏ ਹਨ। ਇਸ ਪੜਾਅ ਦੀ ਕਹਾਣੀ ਨੇ ਆਪਣੇ ਕਲਾਤਮਕ ਬਿਰਤਾਂਤ ਸਦਕਾ ਦਲਿਤ ਵਰਗ ਨੂੰ ਹਾਸ਼ੀਏ ਤੋਂ ਕੇਂਦਰ ਵਿਚ ਲਿਆਉਣ ਦਾ ਕਾਰਜ ਵੀ ਆਰੰਭਿਆ ਹੈ।

ਜੇਕਰ ਸਮੁੱਚੀਆਂ ਪੰਜਾਬੀ ਦਲਿਤ ਕਹਾਣੀਆਂ ਦਾ ਗੰਭੀਰਤਾ ਸਹਿਤ ਅਧਿਐਨ ਕਰੀਏ ਤਾਂ ਇਹ ਗੱਲ ਬੜੇ ਹੀ ਵਿਅੰਗਮਈ ਅੰਦਾਜ਼ ਵਿਚ ਉਜਾਗਰ ਹੁੰਦੀ ਹੈ ਕਿ ਉੱਚੀਆਂ ਅਤੇ ਨੀਵੀਆਂ ਜਾਤਾਂ ਦੇ ਅਵਚੇਤਨ ਵਿਚ ਜਾਤੀਗਤ ਧੌਂਸਬਾਜ਼ੀ, ਕੱਟੜਤਾ, ਹੰਕਾਰ, ਸੰਸਕਾਰ ਪੱਕੇ ਤੌਰ 'ਤੇ ਘਰ ਕਰੀ ਬੈਠੇ ਹਨ। ਜਿਸ ਦੀ ਸਭ ਤੋਂ ਵੱਡੀ ਮਾਰ ਦਲਿਤ ਲੋਕਾਈ ਨੂੰ ਹੀ ਸਹਿਣੀ ਪੈ ਰਹੀ ਹੈ। ਅਜਿਹੀਆਂ ਸਥਿਤੀਆਂ ਵਿਚ ਦਲਿਤ ਵਰਗ ਨੂੰ ਅਨੇਕਾਂ ਮਾਨਸਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਸਮੱਸਿਆਵਾਂ/ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੁੱਚੀ ਦਲਿਤ ਪੰਜਾਬੀ ਕਹਾਣੀ ਨੂੰ ਗੰਭੀਰਤਾ ਸਹਿਤ ਵਾਂਚਣ ਤੋਂ ਬਾਅਦ ਹੇਠ ਲਿਖੇ ਨੁਕਤੇ/ਮਸਲੇ ਉੱਭਰਕੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਨਾਲ ਦਲਿਤ ਲੋਕਾਈ ਹੁਣ ਤਕ ਦੋ ਚਾਰ ਹੁੰਦੀ ਆਈ ਹੈ :

ਦਲਿਤ ਵਰਗ ਜਾਤੀਗਤ ਹੀਣਤਾ ਤੋਂ ਬਚਣ ਲਈ ਆਪਣਾ ਨਾਂਵ, ਧਰਮ ਬਦਲ ਰਿਹਾ ਹੈ ਜਾਂ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਰਿਹਾ ਹੈ। ਜੇਕਰ ਨਾਂਵ ਦੀ ਪੱਧਰ ਉੱਤੇ ਵਿਚਾਰ ਕਰੀਏ ਤਾਂ ਉੱਚ ਵਰਗ ਅਤੇ ਨਿਮਨ ਵਰਗ ਦੇ ਲੋਕਾਂ ਵਿਚ ਨਾਂਵ ਦੀ ਪੱਧਰ ਉੱਤੇ ਫ਼ਰਕ ਸਹਿਜੇ ਹੀ ਨਜ਼ਰ ਆਉਂਦਾ ਹੈ। ਕਿਉਂਕਿ ਉੱਚ ਵਰਗ ਅਤੇ ਨਿਮਨ ਵਰਗ ਆਪਣੇ-ਆਪਣੇ ਜਾਤ, ਧਰਮ, ਗੋਤ, ਇਤਿਹਾਸ ਅਤੇ ਆਰਥਿਕ ਪਿਛੋਕੜ ਤਹਿਤ ਹੀ ਆਪਣਾ ਨਾਂ ਨਿਰਧਾਰਿਤ ਕਰਦੇ ਹਨ/ਰਖਦੇ ਹਨ। ਇਸ ਲਈ ਇਨ੍ਹਾਂ ਵਰਗਾਂ ਦੇ ਨਾਵਾਂ ਵਿਚ ਵੱਖਰਤਾ ਸਾਹਮਣੇ ਆਉਂਦੀ ਹੈ। ਨਿਮਨ ਵਰਗ ਦੇ ਨਾਂ ਸੰਖੇਪ ਜਾਂ ਭੱਦੇ ਅਰਥਾਂ ਵਾਲੇ ਹੁੰਦੇ ਹਨ। ਜਿਵੇਂ ਮੰਗਤੂ, ਫਿੱਡੂ, ਗੁੱਲੂ, ਰੁਲਦੂ, ਬਿੱਲਾ ਆਦਿ ਦਲਿਤ ਵਰਗ ਦੇ ਨਾਵਾਂ ਤੋਂ ਇਹ ਗੱਲ ਸਪੱਸ਼ਟ ਰੂਪ ਵਿਚ ਉਭਰਕੇ ਸਾਹਮਣੇ ਆਉਂਦੀ ਹੈ ਕਿ ਅਜਿਹੇ ਨਾਂ ਅਗਿਆਨੀ, ਮੂਰਖ ਅਤੇ ਫਾਲਤੂ ਜਿਹੇ ਵਿਅਕਤੀ ਦੇ ਬਿੰਬ ਨੂੰ ਉਜਾਗਰ ਕਰਦੇ ਹਨ। ਇਸੇ ਤਰ੍ਹਾਂ ਦਲਿਤ ਵਿਅਕਤੀ ਦੇ ਨਾਂ ਤੋਂ ਹੀ ਉਸਦੇ ਆਰਥਿਕ ਅਤੇ ਸਮਾਜਿਕ ਰੁਤਬੇ ਦੇ ਝਲਕਾਰੇ ਬਾਖ਼ੂਬੀ ਪੈਂਦੇ ਹਨ। ਇਸਦੇ ਉਲਟ ਉੱਚ ਵਰਗ ਦੇ ਲੋਕਾਂ ਦੇ ਨਾਂਵ ਧੌਂਸਬਾਜ਼ੀ ਦੇ ਟੌਰੇ ਅਤੇ ਵਿਸ਼ੇਸ਼ਣਾਂ ਵਿਚ ਪਰੋਏ ਲੰਬੇ-ਲੰਬੇ ਹੁੰਦੇ ਹਨ। ਜਿਵੇਂ ਜੈਲਦਾਰ ਸਰਦਾਰ ਸੋਹਣ ਸਿੰਘ ਸੰਧੂ, ਪ੍ਰੋ. ਦੀਪਕ ਚਾਵਲਾ, ਕਾਕਾ ਰਾਜਨ ਹਰਮਹਿੰਦਰਪਾਲ ਸਿੰਘ ਹੈਰੀ ਸਿੱਧੂ, ਸਰਦਾਰ ਸਮਸ਼ੇਰ ਬਹਾਦਰ ਸਿੰਘ ਬਰਾੜ ਆਦਿ। ਹੁਣ ਦਲਿਤ ਵਰਗ ਦੀਆਂ ਨਵੀਆਂ ਪੀੜ੍ਹੀਆਂ ਨਾਂ ਦੀ ਰਾਜਨੀਤੀ ਨੂੰ ਭਲੀ-ਭਾਂਤ ਸਮਝ ਗਈਆਂ ਹਨ। ਇਸ ਲਈ ਉਹ ਜਾਤੀਗਤ ਹੀਣਤਾ ਤੋਂ ਬਚਣ ਲਈ ਆਪਣਾ ਨਾਂ ਤਾਂ ਬਦਲ ਹੀ ਰਹੀਆਂ ਹਨ ਨਾਲ ਨਾਲ ਉਹ ਆਪਣਾ ਧਰਮ, ਜਾਤ, ਗੋਤ, ਪਿੰਡ ਆਦਿਸਭ ਕੁਝ ਬਦਲਣ ਦਾ ਕਾਰਜ ਆਰੰਭ ਰਹੀਆਂ ਹਨ। ਪਰ ਅਫ਼ਸੋਸ ਇਹ ਵਰਗ ਆਪਣਾ ਨਾਂ, ਧਰਮ, ਗੋਤ, ਜਾਤ, ਪਿੰਡ ਆਦਿ ਬਦਲ ਕੇ ਵੀ ਆਪਣੇ ਮੱਥੇ ਉੱਤੇ ਲੱਗੇ ਦਲਿਤ, ਅਛੂਤ, ਸ਼ੂਦਰ, ਹਰੀਜਨ ਜਿਹੇ ਲਫ਼ਜ਼ਾਂ ਤੋਂ ਨਿਜਾਤ ਨਹੀਂ ਪਾ ਸਕਿਆ ਅਤੇ ਨਾ ਹੀ ਜਾਤੀਗਤ ਹੀਣਤਾ ਦੀ ਪੀੜਾ ਤੋਂ ਖਹਿੜਾ ਛੁਡਾ ਸਕਿਆ ਹੈ। ਇਸ ਸੰਦਰਭ ਵਿਚ ਮੋਹਨ ਲਾਲ ਫਿਲੌਰੀਆ ਦੀ ਕਹਾਣੀ **ਬਦਬੂ**, **ਨਿੱਕੇ ਨਿੱਕੇ ਹੱਥ**, ਜਿੰਦਰ ਦੀ **ਸੌਰੀ**, ਅਤਰਜੀਤ ਦੀ **ਨੂੰਹਾਂ**, ਗੁਰਮੀਤ ਕੜਿਆਲਵੀ ਦੀ **ਤਾਰਾ ਚਿੱਥ ਕੱਢ** ਆਦਿ ਕਹਾਣੀਆਂ ਵਿਚਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਬਿਆਨ ਹੁੰਦੀਆਂ ਹਨ ਜਿਨ੍ਹਾਂ ਵਿਚ ਨਿਮਨ ਸ਼੍ਰੇਣੀਆਂ ਦੇ ਪੜ੍ਹੇ-ਲਿਖੇ ਲੋਕ ਸ਼ਹਿਰੀ ਸਭਿਆਚਾਰ ਵਿਚ, ਚੋਪੜਾ, ਕਟਾਰੀਆ, ਸੰਧੂ, ਬਾਜਵਾ ਜਾਂ ਵਕੀਲ ਸਾਹਿਬ ਦੇ ਨਾਂ ਤੋਂ ਜਾਣੇ-ਪਛਾਣੇ ਜਾਂਦੇ ਹਨ ਅਤੇ ਉੱਚ ਵਰਗ ਵਾਲੀਆਂ ਸੁੱਖ ਸਹੂਲਤਾਂ ਭੋਗਦੇ ਨਜ਼ਰ ਆਉਂਦੇ ਹਨ। ਪਰ ਫੇਰ ਵੀ ਉਨ੍ਹਾਂ ਨੂੰ ਆਪਣੀ ਨਿਮਨ ਜਾਤੀ ਦੇ ਪ੍ਰਗਟ ਹੋਣ ਦਾ ਝੋਰਾ ਲੱਗਿਆ ਰਹਿੰਦਾ ਹੈ ਜਾਂ ਉਨ੍ਹਾਂ ਦੀ ਜਾਤੀ ਜੱਗ ਜਾਹਿਰ ਹੁੰਦੀ ਹੈ। ਜਿਸ ਸਦਕਾ ਉਹ ਜਾਤੀਗਤ ਪੀੜਾ ਦਾ ਸੰਤਾਪ ਭੋਗਦੇ ਹੋਏ ਦੂਹਰਾ/ਤੀਹਰਾ ਦਰਦ ਹੰਢਾਉਂਦੇ ਹੋਏ ਸਾਹਮਣੇ ਆਉਂਦੇ ਹਨ।

ਇਸ ਤਰ੍ਹਾਂ ਦੀਆਂ ਨਵੀਆਂ ਸਥਿਤੀਆਂ/ਘਟਨਾਵਾਂ ਵਿਚ ਦਲਿਤ ਜਾਤੀਆਂ ਦੀ ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿਚ ਵਿਚਾਰਾਂ ਦਾ 'ਜਨਰੇਸ਼ਨ ਗੈਪ' ਸਾਹਮਣੇ ਆਉਂਦਾ ਹੈ। ਪੁਰਾਣੀ ਪੀੜ੍ਹੀ ਆਪਣੇ ਪਰੰਪਰਾਗਤ ਧਰਮ/ਜਾਤ/ਗੋਤ/ਪਿੰਡ/ਕਿੱਤੇ ਨੂੰ ਛੱਡਣਾ ਨਹੀਂ ਚਾਹੁੰਦੀ ਪਰ ਨਵੀਂ ਪੀੜ੍ਹੀ ਨੂੰ ਆਪਣੇ ਪਰੰਪਰਾਗਤ ਧਰਮ/ਜਾਤ/ਗੋਤ/ਪਿੰਡ/ਕਿੱਤੇ ਆਪਣੀ ਸਮਾਜਿਕ ਪ੍ਰਤਿਸ਼ਠਾ ਵਿਚ ਅੜਿਕਾ ਬਣਦੇ ਦਿਖਾਈ ਦਿੰਦੇ ਹਨ। ਇਸ ਸੰਦਰਭ ਵਿਚ ਸਰਵਮੀਤ ਦੀ ਕਹਾਣੀ **ਕਲਾਣ** ਅਤੇ ਗੁਰਮੀਤ ਕੜਿਆਲਵੀ ਦੀ ਕਹਾਣੀ **ਹੱਡਾ ਰੋੜੀ ਤੇ ਰੇਹੜੀ** ਵਿਚਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਦੋਵਾਂ ਕਹਾਣੀਆਂ ਵਿਚ ਦੋ ਪੀੜ੍ਹੀਆਂ ਦੇ ਟਕਰਾਅ ਨੂੰ ਪੇਸ਼ ਕੀਤਾ ਗਿਆ ਹੈ। ਹੱਡਾ ਰੋੜੀ ਤੇ ਰੇਹੜੀ ਵਿਚ ਪੁੱਤਰ ਪਿਤਾ ਦੇ ਕਿੱਤਾ ਮੋਹ ਤੋਂ ਪ੍ਰੇਸ਼ਾਨ ਹੈ। ਮੁਰਦਾ ਪਸ਼ੂ ਢੋਣ ਵਾਲੀ ਰੇਹੜੀ ਨੂੰ ਉਹ ਸਾੜ ਦੇਣਾ ਚਾਹੁੰਦਾ ਹੈ ਕਿਉਂਕਿ ਨਵੀਆਂ ਪ੍ਰਸਥਿਤੀਆਂ ਵਿਚ ਉਹ ਰੇਹੜੀ ਵਿਚੋਂ ਹੀਣਤਾ ਮਹਿਸੂਸ ਕਰਦਾ ਹੈ ਕਿਉਂਕਿ ਰੇਹੜੀ ਸਦਕਾ ਉਨ੍ਹਾਂ ਦੀ ਜਾਤੀ ਪ੍ਰਗਟ ਹੋ ਜਾਂਦੀ ਹੈ। ਪਿਉ ਤੇ ਪੁੱਤਰ ਵਿਚ ਰੇਹੜੀ ਨੂੰ ਲੈ ਕੇ ਵਿਰੋਧ ਪੈਦਾ ਹੁੰਦਾ ਹੈ। ਪਰਗਾਸ਼ੇ ਅਤੇ ਉਸਦੇ ਪਿਤਾ ਦੀ ਸੋਚ ਵਿਚਲਾ ਟਕਰਾਅ ਪਰੰਪਰਕ ਤੇ ਆਧੁਨਿਕਤਾ ਦੀ ਸੋਚ ਦੇ ਦਵੰਦ ਵਿਚੋਂ ਉਪਜਿਆ ਸੰਤਾਪ ਹੈ। ਪਿਤਾ ਪਰੰਪਰਾਗਤ ਕਿੱਤੇ ਨਾਲ ਤਨੋ-ਮਨੋ ਜੁੜਿਆ ਹੋਇਆ ਹੈ। 'ਕੰਮ' ਪਰਗਾਸ਼ੇ ਦੇ ਪਿਉ ਲਈ ਧਰਮ ਹੈ ਅਤੇ ਰੇਹੜੀ ਉਸ ਦੀ ਕਿਰਤ ਦੀ ਨਿਸ਼ਾਨੀ। ਪਰਗਾਸ਼ਾ ਜਾਤੀਗਤ ਹੀਣਤਾ ਤੋਂ ਬਚਣ ਲਈ ਆਪਣੇ ਪਿਤਾ ਨੂੰ ਆਪਣਾ ਪਰੰਪਰਾਗਤ ਕਿੱਤਾ ਛੱਡਣ ਲਈ ਕਹਿੰਦਾ ਹੈ ਅਤੇ ਕਿੱਤੇ ਨਾਲ ਸੰਬੰਧਤ ਸਮਾਨ (ਰੇਹੜੀ) ਨੂੰ ਅੱਗ ਲਗਾਉਣ ਬਾਰੇ ਸੋਚਦਾ ਹੈ। ਇਸ ਸੋਚ ਵਿਚੋਂ ਹੀ ਪੁੱਤਰ ਅਤੇ ਪਿਤਾ ਵਿਚ ਟਕਰਾਅ ਹੁੰਦਾ ਹੈ। ਪਿਤਾ ਨਵੀਂ ਸੋਚ ਤੋਂ ਪ੍ਰਭਾਵਿਤ ਆਪਣੇ ਪੁੱਤਰ ਪਰਗਾਸ਼ੇ ਨੂੰ ਕਹਿੰਦਾ ਹੈ :

> "ਪੁੱਤ ਪ੍ਰਗਾਸ਼ਿਆ, ਤੂੰ ਮੈਨੂੰ ਉਹ ਕੰਮ ਛੱਡ ਦੇਣ ਨੂੰ ਕਹਿਨੈ, ਜੀਹਦੇ ਕਰਕੇ ਸਾਨੂੰ ਹੁਣ ਤੱਕ ਬੁਰਕੀ ਮਿਲਦੀ ਰਹੀ।..."ਉਹ ਗਾਸ਼ਿਆ ! ਤੇਰੀ ਭੜਾਈ ਏਸੇ ਕਰਕੇ ਈ ਸਿਰੇ ਚੜ੍ਹੀ ਆ।..."ਨਾ ਤੂੰ ਈਂ ਦੱਸ, ਜਿਹੜਾ ਕੰਮ ਦੋ ਵੇਲੇ ਪੇਟ ਪਾਲਦਾ, ਉਹ ਕਿਵੇਂ ਮਾੜਾ ਹੋਇਆ ਬਈ।"

(ਗੁਰਮੀਤ ਕੜਿਆਲਵੀ, **ਅੱਕ ਦਾ ਬੂਟਾ**, ਪੰਨੇ 127-28)

ਪਿਤਾ ਪਰੰਪਰਾ ਨਾਲ ਜੁੜੇ ਅਵਚੇਤਨ ਅਤੇ ਪੁੱਤਰ ਦੀ ਵਰਤਮਾਨ ਸੋਚ ਦਾ ਅੰਤਰ-ਵਿਰੋਧ ਮੁੱਖ ਪਾਤਰ ਪਰਗਾਸ਼ੇ ਦੀ ਮਾਨਸਿਕ ਪੀੜਾ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ 'ਕਲਾਣ' ਕਹਾਣੀ ਵਿਚ ਪੁੱਤਰ ਬਦਲੀਆਂ ਪ੍ਰਸਥਿਤੀਆਂ ਵਿਚ ਪਿਉ ਵੱਲੋਂ ਜ਼ਿਮੀਂਦਾਰਾਂ ਦੀਆਂ ਬੁੱਤੀਆਂ ਕਰਨ ਤੋਂ ਖਫ਼ਾ ਹੈ ਅਤੇ ਪਿਉ ਆਪਣੇ ਪੁੱਤਰ ਦੇ ਅਜਿਹੇ ਵਿਵਹਾਰ ਤੋਂ ਖ਼ਫ਼ਾ ਹੈ। ਸੋ ਇਸ ਪ੍ਰਕਾਰ  ਜਿੱਥੇ ਇਹ ਕਹਾਣੀਆਂ ਸਹਿਜਤਾ ਨਾਲ ਦੋ ਪੀੜ੍ਹੀਆਂ ਦੇ ਸੰਤਾਪ ਨੂੰ ਅਗਰਭੂਮਿਤ ਕਰਦੀਆਂ ਹਨ ਉਥੇ ਅੰਤ 'ਤੇ ਅਜਿਹੇ ਸੰਤਾਪ ਤੋਂ ਮੁਕਤੀ ਪ੍ਰਾਪਤ ਕਰਨ ਦਾ ਹੱਲ ਵੀ ਪੇਸ਼ ਕਰਦੀਆਂ ਹਨ।

ਜਾਤੀਗਤ ਸੰਕਟਾਂ ਤੋਂ ਬਚਣ ਲਈ ਆਪਣੇ ਪਰੰਪਰਾਗਤ ਕਿੱਤਿਆਂ/ਧਰਮਾਂ/ਜਾਤਾਂ/ਗੋਤਾਂ/ਨਾਵਾਂ ਤੋਂ ਬਾਗ਼ੀ ਹੋਏ ਆਰਥਿਕ ਤੌਰ ਉੱਤੇ ਸੰਪੰਨ ਦਲਿਤ ਵਰਗ ਵਿਚੋਂ 'ਇਲੀਟ ਵਰਗ' ਪੈਦਾ ਹੋ ਗਿਆ ਹੈ। ਜਿਸ ਸਦਕਾ ਦਲਿਤ ਲੋਕਾਈ ਦੀਆਂ ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਸਮੱਸਿਆਵਾਂ ਦੇ ਨਵੀਨ ਪਾਸਾਰ ਸਾਹਮਣੇ ਆਏ ਹਨ। ਸ਼ਾਸਕੀ-ਪ੍ਰਸ਼ਾਸਕੀ ਅਹੁਦਿਆਂ 'ਤੇ ਪਹੁੰਚੇ ਇਸ ਇਲੀਟ ਵਰਗ ਦੇ ਕੁੱਝ ਹਿੱਸਿਆਂ ਨੇ ਆਪਣੇ ਆਪ ਨੂੰ ਦਲਿਤ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਵਰਗ ਨੇ ਆਪਣੇ ਤੋਂ ਨਿਮਨ ਆਰਥਿਕਤਾ ਵਾਲੇ ਦਲਿਤ ਭਾਈਚਾਰੇ ਨੂੰ ਨਫ਼ਰਤ ਦੀ ਅੱਖ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਹੈ। ਆਰਥਿਕ-ਸੰਪੰਨਤਾ ਦੇ ਨਸ਼ੇ ਵਿਚ ਮਦਮਸਤ ਹੋਇਆ ਇਹ ਇਲੀਟ ਵਰਗ ਆਪਣੇ ਹੀ ਦਲਿਤ ਭਾਈਚਾਰੇ ਨੂੰ ਜਾਤਾਂ/ਕੁਨਾਂ ਦੇ ਆਧਾਰ ਤੇ ਉੱਚ ਵਰਗ ਦੀ ਤਰ੍ਹਾਂ ਜਾਤੀਗਤ ਹੀਣ ਭਾਵਨਾ ਵਿਚ ਪਰੋਏ ਵਿਅੰਗ/ਟਕੋਰਾਂ ਲਗਾਉਣ ਲੱਗ ਪਿਆ ਹੈ। ਇਹ ਵਰਗ ਆਪਣੇ ਤੋਂ ਗ਼ਰੀਬ ਦਲਿਤ ਜਾਤੀਆਂ ਨੂੰ **'ਸਾਲਾ ਚੂਹੜਾ, ਚੜ੍ਹੰਮ, ਘੁਮਿਆਰ ਘੰਦੂ, ਗਧੇ ਕੁੱਟ, ਚਮੜਾ ਕੁੱਟ'** ਆਦਿ ਲਫ਼ਜ਼ਾਂ/ਵਿਅੰਗਾਂ ਨਾਲ ਸੰਬੋਧਿਤ ਹੁੰਦਾ ਹੈ। ਜਦੋਂ ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ ਪੈਦਾ ਹੋ ਜਾਂਦੀਆਂ ਹਨ ਤਾਂ ਅੱਤ ਗ਼ਰੀਬ ਦਲਿਤ ਜਾਤੀਆਂ ਦੀਆਂ ਸਮੱਸਿਆਵਾਂ ਵਿਚ ਹੋਰ ਵੀ ਭਿਆਨਕ ਵਾਧਾ ਹੋ ਜਾਂਦਾ ਹੈ।

ਹੁਣ ਸਵਾਲ ਖੜ੍ਹਾ ਹੁੰਦਾ ਹੈ ਕਿ ਜਦੋਂ ਇਸ ਇਲੀਟ ਵਰਗ ਨੂੰ ਉੱਚੀ ਆਰਥਿਕਤਾ ਦੇ ਬਾਵਜੂਦ ਜਾਤੀ ਮੇਹਣਾ ਮਿਲਦਾ ਹੈ ਤਾਂ ਇਹ ਸਮਾਜਿਕ/ਮਾਨਸਿਕ ਤੌਰ 'ਤੇ ਹੀਣਤਾ ਕਿਉਂ ਮਹਿਸੂਸ ਕਰਦੇ ਹਨ। ਜੇਕਰ ਇਨ੍ਹਾਂ ਨੂੰ ਖ਼ੁਦ ਜਾਤੀਗਤ ਹੀਣਤਾ ਮਹਿਸੂਸ ਹੁੰਦੀ ਹੈ ਤਾਂ ਫਿਰ ਇਹ ਆਪਣੇ ਹੀ ਭਾਈਚਾਰੇ ਨੂੰ ਘਟੀਆ ਸ਼ਬਦਾਂ ਨਾਲ ਮਾਨਸਿਕ ਹੀਣਤਾ ਮਹਿਸੂਸ ਕਰਵਾਉਣ ਦਾ ਜਿਗਰਾ ਕਿੱਥੋਂ ਲਿਆਉਂਦੇ ਹਨ। ਇਹ ਸਵਾਲ ਇਸ ਵਰਗ ਅਤੇ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ।

ਇਉਂ ਅਤਿ ਨਿਮਨ ਗ਼ਰੀਬ ਜਾਤੀਆਂ ਵੀ ਅੱਗੋਂ ਅਨੇਕਾਂ ਉਪਜਾਤਾਂ/ਗੋਤਾਂ ਵਿਚ ਵੰਡੀਆਂ ਹੋਈਆਂ ਹੋਣ ਸਦਕਾ ਆਪਣੇ ਤੋਂ ਨਿਮਨ ਸਮਝੀ ਜਾਂਦੀ ਜਾਤੀ ਦੇ ਲੋਕਾਂ ਨੂੰ ਉਸੇ ਤਰ੍ਹਾਂ ਹੀ ਨਫ਼ਰਤ ਕਰਦੀਆਂ ਹਨ ਜਿਸ ਤਰ੍ਹਾਂ ਉੱਚ ਵਰਗ ਜਾਂ ਇਲੀਟ ਵਰਗ ਦੇ ਲੋਕ ਆਪਣੇ ਤੋਂ ਨੀਵੀਆਂ ਜਾਤਾਂ ਨੂੰ ਕਰਦੇ ਹਨ। ਇਸ ਤਰ੍ਹਾਂ ਦੀਆਂ ਹਿੰਸਕ ਅਤੇ ਵਿਕਰਾਲ ਨਵੀਨ ਸਮੱਸਿਆਵਾਂ ਪੈਦਾ ਕਰਕੇ ਦਲਿਤ ਵਰਗ ਆਪਣੇ ਹੀ ਪੈਰਾਂ ਉੱਤੇ ਆਪ ਕੁਹਾੜੀ ਮਾਰਨ ਦਾ ਕਾਰਜ ਆਰੰਭਦੇ ਨਜ਼ਰ ਆਉਂਦੇ ਹਨ। ਜਿਸ ਸਦਕਾ ਜਾਤੀਗਤ ਹੀਣ ਭਾਵਨਾ ਦੀਆਂ ਨਵੀਨ ਸਮੀਕਰਣਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ। ਸੋ ਉੱਚ ਵਰਗ ਅਤੇ ਦਲਿਤ ਵਰਗ ਆਪਣੀ ਆਪਣੀ ਜਾਤ ਬਰਾਦਰੀ ਦੇ ਸੰਸਕਾਰਾਂ ਅਤੇ ਧੌਂਸਬਾਜ਼ੀ ਦੇ ਮੱਕੜ ਜਾਲ ਵਿਚ ਡੂੰਘੇਤੌਰ 'ਤੇ ਗਰੱਸੇ ਹੋਏ ਹਨ। ਇਸ ਤਰ੍ਹਾਂ ਦੀਆਂ ਜਾਤੀਗਤ ਸੰਸਕਾਰ ਮੂਲਕ-ਮਨੋਸੰਰਚਨਾ ਨੂੰ ਪੇਸ਼ ਕਰਦੀਆਂ ਕਹਾਣੀਆਂ ਵੀ ਸਾਡੇ ਸਾਹਮਣੇ ਆਉਂਦੀਆਂ ਹਨ। ਅਜਿਹੇ ਮਸਲਿਆਂ ਨਾਲ ਨਜਿੱਠਣ ਵਾਲੀਆਂ ਕਹਾਣੀਆਂ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ **ਬਹੁਤ ਨੇੜੇ ਬਹੁਤ ਦੂਰ**, **ਤੂੜੀ ਦੀ ਪੰਡ**, ਨਵਤੇਜ ਸਿੰਘ ਦੀ ਕਹਾਣੀ **ਮੁੜ ਸ਼ਰਨਾਰਥੀ**, ਪ੍ਰੇਮ ਪ੍ਰਕਾਸ਼ ਦੀ **ਲੱਛਮੀ**, ਮੋਹਣ ਭੰਡਾਰੀ ਦੀ **ਗੰਗਾਜਲ** ਅਤੇ ਗੁਰਮੀਤ ਕੜਿਆਲਵੀ ਦੀ ਕਹਾਣੀ **ਤਾਰਾ ਚਿੱਬ ਕੱਢ** ਤੇ **ਡੋਬਾ** ਵੇਖੀਆਂ ਜਾ ਸਕਦੀਆਂ ਹਨ।

ਗੁਰਮੀਤ ਕੜਿਆਲਵੀ ਦੀ ਕਹਾਣੀ 'ਤਾਰਾ ਚਿੱਬ ਕੱਢ' ਵਿਚ ਤਾਰਾ ਆਪਣੀ ਨੀਵੀਂ ਜਾਤ ਦੇ ਜਾਤੀ ਗੌਰਵ ਨੂੰ ਬਹਾਲ ਰੱਖਦਾ ਨਜ਼ਰ ਆਉਂਦਾ ਹੈ। ਆਪਣੀ ਨੀਵੀਂ ਜਾਤ ਦੇ ਜਾਤੀ ਗੌਰਵ ਨੂੰ ਬਰਕਰਾਰ ਰੱਖਣ ਦੀ ਲੋਚਾ ਰੱਖਦਾ ਹੋਇਆ ਉਹ ਆਰਥਿਕ ਸੰਪੰਨਤਾ ਹਾਸਲ ਕਰਕੇ ਰਵੇਲ ਚੰਦ ਤੋਂ ਰਵੇਲ ਸਿੰਘ ਬਾਜਵਾ ਬਣੇ ਆਪਣੇ ਰਿਸ਼ਵਤਖੋਰੇ ਪੁੱਤਰ ਦੀ ਝੂਠੀ ਸ਼ਾਨ ਨੂੰ ਵੀ, ਤੋੜਦਾ ਹੈ ਅਤੇ ਉਸਨੂੰ ਆਪਣਾ ਪੁੱਤਰ ਨਾ ਮੰਨਣ ਦਾ ਢੰਡੋਰਾ ਵੀ ਪਿੱਟਦਾ ਹੈ :

> "ਤੇਰੇ ਅੰਦਰ ਦਾ ਬੰਦੇ ਆਲੀ ਕਣੀਂ ਹੈਨੀ...ਜਮ੍ਹਾਂ ਪਿੱਲਾ ਭਾਂਡਾ ਨਿਕਲਿਆ ਤੂੰ... ਦਫ਼ਤਰ ਆਲਿਓ...ਆਹ ਜਿਹੜਾ ਕੁਰਸੀ 'ਚ ਵੜਿਆ ਬੈਠਾ ਸਰਦਾਰ ਰਵੇਲ ਸਿਹੁੰ ਬਿੱਜੂ-ਬਾਜੂ ਜਿਆ ਬਣ ਕੇ...ਇਹ ਮੇਰੀ ਸੱਟ ਨੀ...ਹਰਾਮ ਦੀ ਲਾਦ ਐ...ਜਮ੍ਹਾਂ ਇੱਟ ਵਰਗੀ।" (ਗੁਰਮੀਤ ਕੜਿਆਲਵੀ, **ਆਤੂ ਖੋਜੀ**, ਪੰਨੇ 22-23)

ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਲੱਛਮੀ' ਵਿਚ ਇਹ ਸਥਿਤੀ ਉਲਟੇ ਰੂਪ ਵਿਚ ਉੱਭਰਕੇ ਸਾਹਮਣੇ ਆਉਂਦੀ ਹੈ। ਕਹਾਣੀ ਦੀ ਕੇਂਦਰੀ ਪਾਤਰ 'ਲੱਛਮੀ' ਰਾਜਸਥਾਨ ਦੀ ਜੱਟ ਜਾਤੀ ਨਾਲ ਸੰਬੰਧ ਰਖਦੀ ਹੈ। ਰਾਜਸਥਾਨ ਵਿਚ ਲੰਮੀ ਔੜ ਪੈਣ ਕਾਰਨ ਉਸ ਦਾ ਪਰਿਵਾਰ ਰੁਜ਼ਗਾਰ ਦੀ ਭਾਲ ਵਿਚ ਪੰਜਾਬ ਆ ਜਾਂਦਾ ਹੈ। ਉਹ ਪੰਜਾਬ ਵਿਚ ਆ ਕੇ ਮੰਗ ਕੇ ਖਾਣ ਲਈ ਮਜ਼ਬੂਰ ਹੈ। ਲੱਛਮੀ ਆਪਣੇ ਨਿੱਕੇ

ਭਰਾ ਨੂੰ ਨਾਲ ਲੈ ਕੇ ਇਕ ਕੋਠੀ ਵਿਚੋਂ ਲੱਸੀ ਅਤੇ ਰੋਟੀ ਦੀ ਮੰਗ ਕਰਦੀ ਹੈ। ਪਰ ਜਦੋਂ ਉਸਨੂੰ ਪਤਾ ਲਗਦਾ ਹੈ ਕਿ ਕੋਠੀ ਦਾ ਮਾਲਕ ਚੁਮਾਰ ਹੈ ਤਾਂ ਉਹ ਰੋਟੀ ਲੈਣ ਤੋਂ ਇਨਕਾਰ ਕਰ ਦਿੰਦੀ ਹੈ। ਗ਼ਰੀਬੀ ਅਤੇ ਉਜਾੜੇ ਦੀ ਹਾਲਤ ਵਿਚ ਲੱਛਮੀ ਭੁੱਖੀ ਪਿਆਸੀ ਰਹਿ ਕੇ ਵੀ ਨੀਵੀਂ ਜਾਤੀ ਦੇ ਲੋਕਾਂ ਕੋਲੋਂ ਕੁਝ ਖਾ ਕੇ ਆਪਣਾ ਧਰਮ ਅਤੇ ਜਾਤੀ ਹੈਂਕੜਤਾ ਗਵਾਉਣ ਲਈ ਤਿਆਰ ਨਹੀਂ ਹੁੰਦੀ।

ਮੋਹਨ ਭੰਡਾਰੀ ਦੀ ਕਹਾਣੀ **ਗੰਗਾਜਲ** ਵਿਚਲਾ ਬ੍ਰਾਹਮਣ ਜਾਤੀ ਹੀਣਤਾ ਅਤੇ ਜਾਤੀ ਗੌਰਵ ਦੀ ਨਵੀਂ ਸਥਿਤੀ ਲੈ ਕੇ ਸਾਹਮਣੇ ਆਉਂਦਾ ਹੈ। ਕਹਾਣੀ ਵਿਚਲਾ ਪੰਡਤ ਰਾਮ ਸ਼ਰਨ ਵਿਰਾਸਤੀ ਮੁੱਲਾਂ ਵਿਚ ਉਲਝਿਆ ਭਿੱਟ-ਭਟਾਣ ਦੀ ਭਾਵਨਾ ਅਵਚੇਤਨਤਾ ਵਿਚ ਸਮਾਈ ਬੈਠਾ ਹੈ। ਉਹ ਬੱਸ ਵਿਚ ਸਫ਼ਰ ਕਰਦਾ ਇਕ ਸ਼ੂਦਰ ਯਾਤਰੀ ਨੂੰ ਆਪਣੇ ਨਾਲ ਬਿਠਾਉਣ ਤੋਂ ਕੰਨੀ ਕਤਰਾਉਂਦਾ ਹੈ। ਪਰ ਜਦੋਂ ਇਕ ਸੁੰਦਰ ਨੌਜਵਾਨ ਉਸ ਨਾਲ ਬੈਠ ਜਾਂਦਾ ਹੈ ਤਾਂ ਉਹ ਖ਼ੁਸ਼ ਹੋ ਜਾਂਦਾ ਹੈ। ਗੱਲਾਂ-ਬਾਤਾਂ ਰਾਹੀਂ ਪਤਾ ਚਲਦਾ ਹੈ ਕਿ ਉਹ ਸੁੰਦਰ ਨੌਜਵਾਨ ਹਿੰਦੀ ਦਾ ਅਧਿਆਪਕ ਹੈ ਤੇ ਸੰਸਕ੍ਰਿਤ ਦਾ ਵੀ ਜਾਣੂੰ ਹੈ। ਇਹ ਸੁਣ ਕੇ ਪੰਡਿਤ ਰਾਮ ਸ਼ਰਨ ਬੜਾ ਖ਼ੁਸ਼ ਹੁੰਦਾ ਹੈ। ਬੱਸ ਵਿਚ ਲੱਗਦੇ ਝਟਕਿਆਂ ਕਾਰਣ ਉਹ ਕਈ ਵਾਰ ਉਸ ਨੌਜਵਾਨ ਨਾਲ ਟਕਰਾਉਂਦਾ/ਖਹਿੰਦਾ ਵੀ ਹੈ। ਪਰ ਕਹਾਣੀ ਵਿਚ ਉਸ ਸਮੇਂ ਨਵਾਂ ਮੋੜ ਆਉਂਦਾ ਹੈ ਜਦੋਂ ਉਹ ਸੁੰਦਰ ਨੌਜਵਾਨ ਬੱਸ 'ਚੋਂ ਉਤਰਣ ਵੇਲੇ ਉਸ ਸ਼ੂਦਰ ਨੂੰ ਜੋ ਉਨ੍ਹਾਂ ਦੀ ਅਗਲੀ ਸੀਟ 'ਤੇ ਬੈਠਾ ਹੋਇਆ ਸੀ, ਪਿਤਾ ਜੀ ਕਹਿ ਕੇ ਸੰਬੋਧਿਤ ਹੁੰਦਾ ਹੈ ਤਾਂ ਪੰਡਿਤ ਦਾ ਮੂੰਹ ਅੱਡਿਆ ਹੀ ਰਹਿ ਜਾਂਦਾ ਹੈ। ਇਕ ਚੁਮਾਰ ਨਾਲ ਜਿਸਮ ਖਹਿਣ ਕਰਕੇ ਉਹ ਪੰਡਤ ਆਪਣੇ ਆਪ ਨੂੰ ਸ਼ੁੱਧ ਕਰਨ ਲਈ ਆਪਣੇ ਉੱਪਰ ਗੰਗਾਜਲ ਦਾ ਛਿੜਕਾ ਕਰਦਾ ਹੋਇਆ ਕਹਿੰਦਾ ਹੈ :

> "ਹੈਂ...! ਕਿਆ ਯੈਹ ਚਮਾਰ ਕਾ ਬੇਟਾ ਥਾ ! ਹਰੇ ਹਰੇ, ਸ਼ਿਵ ਸ਼ਿਵ !!" ਕਹਿੰਦਿਆਂ ਉਸ ਨੇ ਆਪਣੇ ਮੈਲੇ ਜਿਹੇ ਖਾਕੀ ਰੰਗੇ ਥੈਲ 'ਚੋਂ ਗੰਗਾ-ਜਲ ਦੀ ਬੋਤਲ ਕੱਢੀ ਤੇ ਚੂਲੀ ਭਰ ਕੇ ਸਰੀਰ ਨੂੰ ਛਿੱਟੇ ਦੇਣ ਲੱਗਿਆ...।

(ਮੋਹਨ ਭੰਡਾਰੀ, **ਕਥਾ ਵਾਰਤਾ**, ਪੰਨਾ 102)

ਇਸ ਦੇ ਉਲਟ ਕੁਝ ਕਹਾਣੀਆਂ ਅਜਿਹੀਆਂ ਵੀ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਜਾਤੀ-ਪਾਤੀ ਵੰਡੀਆਂ ਨੂੰ ਖ਼ਤਮ ਕਰਨ ਦਾ ਧਰਾਤਲ ਵੀ ਸਿਰਜਦੀਆਂ ਨਜ਼ਰ ਆਉਂਦੀਆਂ ਹਨ। ਇਸ ਸੰਦਰਭ ਵਿਚ ਗੁਰਮੀਤ ਕੜਿਆਲਵੀ ਦੀ ਕਹਾਣੀ **ਚੀਕ** ਅਤੇ ਨੌਰੰਗ ਸਿੰਘ ਦੀ ਕਹਾਣੀ **ਤਾਰੋ** ਰੱਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਨਾਇਕ/ਨਾਇਕਾ ਅੰਤਰਜਾਤੀ ਵਿਆਹ/ਪ੍ਰੇਮ ਵਿਆਹ ਕਰਵਾਉਣ ਦਾ ਕ੍ਰਾਂਤੀਕਾਰੀ ਕਾਰਜ ਕਰਦੇ ਹਨ। ਚੀਕ ਕਹਾਣੀ ਵਿਚ ਉੱਚ ਜਾਤੀ ਦੀ ਪਾਤਰ 'ਪਰਮ' ਰਾਮਦਾਸੀਏ ਸਿੱਖਾਂ ਦੇ ਮੁੰਡੇ ਕੁਲਵੰਤ ਨਾਲ ਅੰਤਰਜਾਤੀ ਪ੍ਰੇਮ ਵਿਆਹ ਕਰਵਾਉਂਦੀ ਹੈ। ਨੌਰੰਗ ਸਿੰਘ ਦੀ ਕਹਾਣੀ 'ਤਾਰੋ' ਵਿਚ ਇਹ ਸਥਿਤੀ ਬਿਲਕੁਲ ਉਲਟ ਹੈ। ਇਸ ਕਹਾਣੀ ਵਿਚ ਉੱਚ ਬਰਾਦਰੀ ਨਾਲ ਸੰਬੰਧਤ ਪਾਤਰ ਜੀਊਣਾ, ਚੁਮਾਰਾਂ ਦੀ ਕੁੜੀ ਤਾਰੋ ਨਾਲ ਅੰਤਰਜਾਤੀ ਪ੍ਰੇਮ ਵਿਆਹ ਕਰਵਾਉਂਦਾ ਹੈ।

> "ਉਸ ਤਰ੍ਹਾਂ ਸਾਨੂੰ ਪਿੰਡ ਛੱਡਣਾ ਪੈਣਾ ਸੀ, ਹੁਣ ਜਾਂ ਇਹ ਪਿੰਡ ਛਡਣਗੇ ਜਾਂ ਤੈਨੂੰ ਜੱਟੀ ਮੰਨਣਗੇ—" ਜੀਊਣੇ ਨੇ ਪਿਛਾਂਹ ਮੂੰਹ ਮੋੜ ਕੇ ਆਖਿਆ।

(ਨੌਰੰਗ ਸਿੰਘ, **ਭੁੱਖੀਆਂ ਰੂਹਾਂ**, ਪੰਨਾ 31)

ਰਾਖਵੇਂਕਰਨ ਤੇ ਹੋਰ ਸਰਕਾਰੀ ਸਹੂਲਤਾਂ ਨੇ ਜਿੱਥੇ ਨਿਮਨ/ਪੱਛੜੀਆਂ ਜਾਤੀਆਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਥੇ ਇਨ੍ਹਾਂ ਸਹੂਲਤਾਂ ਦੇ ਵਿਰੋਧ ਵਿਚ ਉੱਚ ਵਰਗ ਨੇ ਨਿਮਨ ਵਰਗ ਪ੍ਰਤੀ ਨਵੀਆਂ ਸਮੱਸਿਆਵਾਂ ਉਭਾਰ ਦਿੱਤੀਆਂ ਹਨ। ਫਲਸਰੂਪ ਵੱਖ-ਵੱਖ ਵਿਦਿਅਕ ਅਦਾਰਿਆਂ ਅਤੇ ਮਹਿਕਮਿਆਂ ਵਿਚ ਦਲਿਤ ਵਰਗ/ਉੱਚ ਵਰਗ ਦੀਆਂ ਜੁੰਡਲੀਆਂ ਬਣ ਗਈਆਂ ਹਨ। ਜਿਸ ਸਦਕਾ ਇਹ ਜੁੰਡਲੀਆਂ ਆਪੋ-ਆਪਣੇ ਜਾਇਜ਼/ਨਜਾਇਜ਼ ਢੰਗ ਤਰੀਕਿਆਂ ਨਾਲ ਇਕ ਦੂਜੇ ਉੱਤੇ ਵਿਰੋਧ ਵਿਚ ਵਿਅੰਗ/ਟਕੋਰਾਂ ਲਗਾਉਣ ਲੱਗ ਪਈਆਂ ਹਨ। ਦਲਿਤ ਵਰਗ ਰਾਖਵੇਂਕਰਨ ਵਿਚ ਮਿਲੀ ਉੱਚੀ ਪਦਵੀ ਦੀ ਹੈਂਕੜਤਾ ਦਾ ਪ੍ਰਭਾਵ ਉੱਚ ਵਰਗ ਉੱਤੇ ਪਾਉਣਾ ਲੋਚਦਾ ਹੈ ਅਤੇ ਉੱਚ ਵਰਗ ਨਿਮਨ ਵਰਗ ਨੂੰ ਰਾਖਵੇਂਕਰਨ ਦੀ ਨੀਤੀ ਤਹਿਤ ਮਿਲੀਆਂ ਸਹੂਲਤਾਂ ਦਾ ਵਿਰੋਧ ਕਰਦਾ ਹੋਇਆ ਉਨ੍ਹਾਂ ਨੂੰ 'ਕੋਟੇ ਆਲੇ', 'ਚੜ੍ਹੰਮ', 'ਭੁੱਖੀ ਜਾਤ' ਆਦਿ ਵਿਅੰਗ ਲਗਾ ਕੇ ਜਾਤੀਗਤ ਤੌਰ 'ਤੇ ਜ਼ਲੀਲ ਕਰ ਰਿਹਾ ਹੈ। ਲਾਲ ਸਿੰਘ ਦੀ ਕਹਾਣੀ **ਅੱਧੇ-ਅਧੂਰੇ** ਤੇ **ਪੌੜੀ** ਅਤੇ ਗੁਰਮੀਤ ਕੜਿਆਲਵੀ ਦੀ ਕਹਾਣੀ **ਚੀਕ** ਵਿਚ ਕੁਝ ਇਸ ਤਰ੍ਹਾਂ ਦੀਆਂ ਸਥਿਤੀਆਂ ਦਾ ਬਿਆਨ ਬਾਖ਼ੂਬੀ ਕੀਤਾ ਗਿਆ ਹੈ। ਇਸ ਸੰਦਰਭ ਵਿਚ **ਚੀਕ** ਕਹਾਣੀ ਦੇ ਹੇਠਲੇ ਕਥਨ ਵਾਚਣਯੋਗ ਹਨ :

> ਜੇਕਰ ਹੈਡ ਕਹੇ ਕਿ ਅੱਜ ਬੁੱਧਵਾਰ ਹੈ ਤਾਂ ਇਹ ਜੁੰਡਲੀ ਕਹੇਗੀ-ਨਹੀਂ ਅੱਜ ਤਾਂ ਸ਼ੁੱਕਰਵਾਰ। ਹੈਡ ਸਾਹਿਬ ਅਤੇ ਉਸਦੇ ਵਰਗੇ ਹੋਰ ਮਾਸਟਰਾਂ ਨੂੰ ਨੀਵਾਂ ਦਿਖਾ ਕੇ ਇਹਨਾਂ ਨੂੰ ਡੂੰਘੀ ਮਾਨਸਿਕ ਤਸੱਲੀ ਹੁੰਦੀ ਹੈ। ਹੋਰ ਤਾਂ ਹੋਰ, ਇਹ ਜੁੰਡਲੀ ਤਾਂ ਆਨੇ-ਬਹਾਨੇ ਰੁੱਖਾਂ ਵਿਚ ਦੀ ਵੀ ਹੈਡ ਵਰਗਿਆਂ ਦੀਆਂ ਜਾਤਾਂ ਨੌਲਦੀ ਰਹਿੰਦੀ ਹੈ। ਆਪਣੇ ਸਾਥੀ ਅਧਿਆਪਕਾਂ ਦੇ

ਨਾਂ-ਕੁਨਾਂ ਜਾਤਾਂ ਦੇ ਆਧਾਰ 'ਤੇ ਹੀ ਰੱਖੇ ਹੋਏ ਹਨ। ਇਸ ਜਗਦੀਸ਼ ਰਾਜ ਸ਼ਰਮੇ ਨੂੰ ਪਿੱਪਲ, ਤਰਖਾਣ ਜਾਤੀ ਦੇ ਮਾਸਟਰ ਦਿਆਲ ਸਿੰਘ ਨੂੰ ਤੇਸਾ ਮਾਸਟਰ, ਦਰਜੀ ਬਰਾਦਰੀ ਦੇ ਗੁਰਨੇਕ ਨੂੰ ਮਾਸਟਰ ਸੂਈ ਧਾਗਾ ਅਤੇ ਮਜ਼੍ਹਬੀ ਬਰਾਦਰੀ ਦੀ ਅਧਿਆਪਕਾ ਨਿਰਮਲ ਨੂੰ ਪਿੱਠ ਪਿੱਛੇ ਕਿੱਕਰ ਆਖਦੇ ਨੇ। ਢੰਡ ਆਪਣੇ ਆਪ ਨੂੰ 'ਤੂਤ' ਤੇ ਪਵਿੱਤਰ ਨੂੰ 'ਟਾਹਲੀ' ਕਹਿੰਦਾ ਹੈ। ਹੈਡਮਾਸਟਰ ਲਈ ਪਿੱਠ ਪਿੱਛੇ "ਠੱਕ-ਠੱਕ" ਸ਼ਬਦ ਵਰਤਿਆ ਜਾਂਦਾ ਹੈ।

(ਗੁਰਮੀਤ ਕੜਿਆਲਵੀ, ਚੀਕ, ਹੁਣ, ਅੰਕ 16, ਸਤੰਬਰ-ਦਸੰਬਰ, 2010, ਪੰਨਾ 96)

ਸਾਂਵਲ ਧਾਮੀ ਦੀ ਕਹਾਣੀ 'ਗਾਈਡ' ਵਿਚ ਵੀ ਕੁਝ ਇਸ ਤਰ੍ਹਾਂ ਦੇ ਵਸਤੂ ਵੇਰਵੇ ਦੱਬਵੀਂ ਸੁਰ ਵਿਚ ਕਾਰਜਸ਼ੀਲ ਹਨ।

ਨਿਮਨ ਜਾਤੀ ਹੋਣ ਦਾ ਸੰਤਾਪ ਜਿੱਥੇ ਦਲਿਤ ਮਰਦ ਨੂੰ ਵਿਭਿੰਨ ਪੱਖਾਂ ਤੋਂ ਸਹਿਣਾ ਪੈ ਰਿਹਾ ਹੈ ਉਥੇ ਦਲਿਤ ਔਰਤ ਨੂੰ ਵੀ ਦੋਹਰੇ/ਚੋਹਰੇ ਰੂਪ ਵਿਚ ਸਹਿਣਾ ਪੈ ਰਿਹਾ ਹੈ। ਇਹ ਔਰਤਾਂ ਜਿੱਥੇ ਜਾਤੀ ਪੀੜਾ ਸਹਿੰਦੀਆਂ ਹਨ ਉੱਥੇ ਜਿਣਸੀ ਅੱਤਿਆਚਾਰ ਵੀ ਸਹਿੰਦੀਆਂ ਹਨ। ਅਤਿ ਗਰੀਬ ਦਲਿਤ ਪਰਿਵਾਰਾਂ ਦੀਆਂ ਔਰਤਾਂ ਦਾ ਉੱਚ ਵਰਗ ਦੇ ਘਰਾਂ/ਖੇਤਾਂ ਵਿਚ ਕੰਮ/ਦਿਹਾੜੀ ਕਰਨਾ ਲਾਜ਼ਮੀ/ਮਜ਼ਬੂਰੀ ਹੈ। ਨਿਮਨ ਆਰਥਿਕਤਾ ਵਿਚ ਜ਼ਿੰਦਗੀ ਬਤੀਤ ਕਰਦੀਆਂ ਇਨ੍ਹਾਂ ਔਰਤਾਂ ਨੂੰ ਦਲਿਤ ਹੋਣ ਦਾ ਜ਼ੁਰਮਾਨਾ ਆਪਣੇ ਜਿਸਮ ਰਾਹੀਂ ਚੁਕਾਉਣਾ ਪੈਂਦਾ ਹੈ ਕਿਉਂਕਿ ਉੱਚ ਵਰਗ ਦੇ ਮਰਦ ਦਲਿਤ ਔਰਤਾਂ ਦੀਆਂ ਮਜ਼ਬੂਰੀਆਂ ਦਾ ਫ਼ਾਇਦਾ ਜਾਇਜ਼/ਨਜਾਇਜ਼ ਤਰੀਕਿਆਂ ਨਾਲ ਲੈਂਦੇ ਹਨ। ਅਰਥਾਤ ਉਹ ਆਪਣੇ ਖੇਤਾਂ/ਘਰਾਂ ਵਿਚ ਕੰਮ ਕਰਦੀਆਂ ਦਲਿਤ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਸਹਿਜੇ ਹੀ ਬਣਾ ਲੈਂਦੇ ਹਨ। ਆਰਥਿਕ ਥੁੜ੍ਹਾਂ ਕਾਰਨ ਅਜਿਹੀਆਂ ਜ਼ਿਆਦਤੀਆਂ ਨੂੰ ਸਹਿਣ ਕਰਨਾ ਦਲਿਤ ਔਰਤਾਂ ਦੀ ਮਜ਼ਬੂਰੀ ਬਣ ਜਾਂਦੀ ਹੈ। ਇਸ ਲਈ ਉਹ ਦੂਹਰੇ/ਚੌਹਰੇ ਸੰਤਾਪ ਵਿਚ ਗਰੱਸੀਆਂ ਨਜ਼ਰ ਆਉਂਦੀਆਂ ਹਨ।

ਨਵਤੇਜ ਸਿੰਘ ਦੀ ਕਹਾਣੀ **ਸਰਦਾਰਾਂ ਲਈ ਸਮੋਸੇ**, **ਡੰਨ**, ਗੁਰਦਿਆਲ ਸਿੰਘ ਦੀ **ਚਾਰੇ ਦੀ ਪੰਡ**, ਪ੍ਰੇਮ ਗੋਰਖੀ ਦੀ **ਹੱਡ ਬੀਤੀ-ਜੱਗ ਬੀਤੀ**, **ਮਾਂ-ਧੀ**, **ਅਫ਼ਸਰ**, **ਦੂਸਰੇ ਹੱਥ**, **ਵੱਡੇ ਲੋਕ**, **ਲੇਹਾ**, **ਵਿੱਥ**, **ਭਲਾ ਇਉਂ ਵੀ ਕੋਈ ਜਿਉਂਦੈ**, ਭਗਵੰਤ ਰਸੂਲਪੁਰੀ ਦੀ ਕਹਾਣੀ **ਕਸੂਰਵਾਰ**, ਕਿਰਪਾਲ ਕਜਾਕ ਦੀਆਂ ਕਹਾਣੀਆਂ **ਹੁੰਮਸ**, **ਤੱਕਲੇ ਦਾ ਦਾਗ਼**, **ਕਾਲੀਆਂ ਪੌਣਾਂ**, ਅਤਰਜੀਤ ਦੀਆਂ ਕਹਾਣੀਆਂ **ਸਬੂਤੇ ਕਦਮ**, **ਪੇਟ ਦੀ ਅੱਗ**, ਡਾ. ਸੁਖਪਾਲ ਸਿੰਘ ਥਿੰਦ ਦੀ ਕਹਾਣੀ **ਸੰਤ ਦਾ ਕਤਲ** ਅਤੇ ਸੁਰਜੀਤ ਬਰਾੜ ਦੀਆਂ ਕਹਾਣੀਆਂ **ਤਾਪਮਾਨ** ਅਤੇ **ਝੱਖੜ ਝੋਲੇ** ਵਿਚ ਇਸ ਤਰ੍ਹਾਂ ਦੇ ਹੀ ਵਸਤੂ ਵੇਰਵੇ ਅਗਰਭੂਮਿਤ ਹੁੰਦੇ ਹਨ।

ਸੁਰਜੀਤ ਬਰਾੜ ਦੀ ਕਹਾਣੀ 'ਝੱਖੜ ਝੋਲੇ' ਵਿਚ ਦਲਿਤ ਔਰਤ ਦੇ ਜਿਣਸੀ ਸ਼ੋਸ਼ਣ ਦੀ ਸਮੱਸਿਆ ਭਿਆਨਕ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਕਹਾਣੀ ਵਿਚ ਦਲਿਤ ਵਰਗ ਨਾਲ ਸੰਬੰਧਿਤ 'ਦਿਆਲੋ' ਪਾਤਰ ਆਪਣੀਆਂ ਆਰਥਿਕ ਥੁੜ੍ਹਾਂ ਕਾਰਨ ਮਜ਼ਬੂਰੀ ਵਿਚ ਪਿੰਡ ਦੇ ਸਰਪੰਚ ਨਾਲ ਨਾਜਾਇਜ਼ ਸੰਬੰਧਾਂ ਨੂੰ ਪਾਲਦੀ ਹੈ। ਸਰਪੰਚ ਦੁਆਰਾ ਲਗਾਤਾਰ ਭੋਗੀ ਜਾਣ ਸਦਕਾ ਉਹ ਸਰਪੰਚ ਦੇ ਨਜਾਇਜ਼ ਬੱਚਿਆਂ ਦੀ ਮਾਂ ਬਣ ਜਾਂਦੀ ਹੈ। ਵਰ੍ਹਿਆਂ ਬਾਅਦ ਦਿਆਲੋ ਦੀਆਂ ਧੀਆਂ ਜੁਆਨ ਹੋ ਜਾਂਦੀਆਂ ਹਨ। ਕਹਾਣੀ ਵਿਚ ਦਲਿਤ ਔਰਤ ਦੇ ਜਿਣਸੀ ਸ਼ੋਸ਼ਣ ਦੀ ਭਿਆਨਕ ਤੇ ਸ਼ਰਮਨਾਕ ਘਟਨਾ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਸਰਪੰਚ, ਦਿਆਲੋ ਦੀ ਕੁੱਖੋਂ ਪੈਦਾ ਹੋਈ ਆਪਣੀ ਹੀ ਧੀ ਨਾਲ ਬਲਾਤਕਾਰ ਕਰਦਾ ਹੈ। ਇਉਂ ਇਹ ਘਟਨਾ ਭਾਰਤੀ ਦਲਿਤ ਔਰਤ ਦੇ ਸ਼ੋਸ਼ਣ ਦਾ ਸਿਖਰ ਹੋ ਨਿਬੜਦੀ ਹੈ।

ਇਸਦੇ ਉਲਟ ਅਜਿਹੀਆਂ ਸ਼ਰਮਨਾਕ ਤੇ ਦਰਦਨਾਕ ਸਥਿਤੀਆਂ ਵਿਚ ਜੀਵਨ ਗੁਜ਼ਾਰਦੇ ਦਲਿਤ ਮਰਦ, ਆਪਣੀਆਂ ਤੀਵੀਆਂ/ਬੇਟੀਆਂ 'ਤੇ ਹੁੰਦੇ ਅਜਿਹੇ ਜਿਣਸੀ ਅੱਤਿਆਚਾਰਾਂ ਨੂੰ ਗ਼ਰੀਬੀ ਦੀ ਹਾਲਤ ਵਿਚ ਚੁੱਪਚਾਪ ਸਹਿੰਦੇ ਨਜ਼ਰ ਆਉਂਦੇ ਹਨ। ਉਹ ਉੱਚ ਵਰਗ ਪ੍ਰਤੀ ਸਿੱਧੀ ਟੱਕਰ ਲੈਣ ਦੀ ਬਜਾਏ ਅੰਦਰੋਂ-ਅੰਦਰੀ ਕੜਦੇ, ਖਪਦੇ ਤੇ ਬੇਬਸੀ ਦੀ ਖੱਡ ਵਿਚ ਡਿਗਦੇ ਮੂਕ ਦਰਦ ਭੋਗਦੇ ਨਜ਼ਰ ਆਉਂਦੇ ਹਨ। ਜਿਵੇਂ ਗੁਰਦਿਆਲ ਸਿੰਘ ਦੀ ਕਹਾਣੀ **ਚਾਰੇ ਦੀ ਪੰਡ** ਵਿਚ **ਚੰਦੇ** ਜਿਹਾ ਨਿਮਾਣਾ, ਬਿਮਾਰ, ਗ਼ਰੀਬ-ਗੁਰਬਾ ਜਿਸਨੇ ਵੱਡੇ ਸਾਰੇ ਟੱਬਰ ਨੂੰ ਪਾਲਣਾ ਹੋਵੇ, ਜਵਾਨ ਧੀ ਦਾ ਵਿਆਹ ਕਰਨਾ ਹੋਵੇ, ਉਸ ਨੂੰ ਆਪਣੀ ਤੀਵੀਂ ਉੱਪਰ ਹੁੰਦੇ ਜਿਣਸੀ ਅੱਤਿਆਚਾਰਾਂ ਬਾਰੇ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਆਪਣੀ ਅਣਖ ਨੂੰ ਮਜ਼ਬੂਰੀਵੱਸ ਕਾਬੂ ਕਰਨਾ ਪੈਂਦਾ ਹੈ।

ਰਾਜਨੀਤੀ ਨੇ ਆਪਣਾ ਪ੍ਰਭਾਵ ਸਭ ਵਰਗਾਂ ਦੀਆਂ ਜਾਤਾਂ ਉੱਤੇ ਪਾਇਆ ਹੈ। ਪਿੰਡ ਪੱਧਰ ਦੀ ਰਾਜਨੀਤੀ ਦੀਆਂ ਕੋਝੀਆਂ ਚਾਲਾਂ, ਘੁਣਤਰਬਾਜ਼ੀਆਂ, ਨਸ਼ਾਖੋਰੀ ਤੇ ਜਾਤੀ/ਜਮਾਤੀ ਅਵਚੇਤਨ ਤੋਂ ਲੈ ਕੇ ਹਰ ਮਾਮਲੇ ਨੂੰ ਸਮਕਾਲੀ ਪੰਜਾਬੀ ਕਹਾਣੀਕਾਰਾਂ ਨੇ ਛੋਹਿਆ ਹੈ। ਪਿੰਡਾਂ ਵਿਚ ਸਰਪੰਚੀ ਹਮੇਸ਼ਾਂ ਉੱਚ ਵਰਗਾਂ ਦੇ ਹੱਥਾਂ ਵਿਚ ਹੀ ਰਹੀ ਹੈ। ਵੋਟਾਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਨਵੀਂ ਦਲਿਤ ਪੀੜ੍ਹੀ ਨੇ ਵੀ ਰਾਜਨੀਤੀ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ ਅਤੇ ਵੋਟਾਂ ਨੂੰ ਵਰਤਣ ਦੀ ਜਾਚ ਸਿੱਖ ਲਈ ਹੈ। ਪਰ ਅਫ਼ਸੋਸ ਪਿੰਡ ਪੱਧਰ ਉੱਤੇ ਪੁਰਾਣੀ ਦਲਿਤ ਪੀੜ੍ਹੀ ਦਾ ਰਾਜਸੀ ਅਵਚੇਤਨ ਅਜੇ ਐਨਾ ਵਿਕਸਤ ਨਹੀਂ ਹੋ ਸਕਿਆ ਕਿ ਇਨ੍ਹਾਂ ਨੂੰ ਇਕ ਏਕਤਾ ਵਿਚ ਇਕੱਠਾ ਕੀਤਾ ਜਾ ਸਕੇ। ਇਨ੍ਹਾਂ ਲੋਕਾਂ ਦੀ ਆਰਥਿਕ ਮੰਦਹਾਲੀ ਅਤੇ ਸਾਧਨਹੀਣਤਾ ਵੀ ਇਨ੍ਹਾਂ ਦੀ ਰਾਜਸੀ ਚੇਤਨਾ ਨੂੰ ਖੁੰਢਾ ਕਰਦੀ ਹੈ। ਸਦੀਆਂ ਤੋਂ ਪਿੰਡ ਪੱਧਰ 'ਤੇ ਉੱਚ ਵਰਗ ਦੀ ਗ਼ੁਲਾਮੀ ਕਰਦੇ ਇਹ ਲੋਕ ਭਾਵੇਂ ਥੋੜ੍ਹੇ ਕੁ ਚੇਤੰਨ ਤਾਂ ਹੋਏ

ਹਨ ਪਰ ਫਿਰ ਵੀ ਜੱਟ ਭਾਈਚਾਰੇ ਉੱਤੇ ਨਿਰਭਰਤਾ, ਇਨ੍ਹਾਂ ਨੂੰ ਰਾਜਨੀਤਕ ਬਗ਼ਾਵਤ ਕਰਨ ਤੋਂ ਰੋਕਦੀ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ **ਆਫ਼ਤ** ਵਿਚਲਾ ਹੇਠਲਾ ਕਥਾਨਕ ਵੇਰਵਾ ਇਸੇ ਸੰਦਰਭ ਵਿਚ ਪੁੱਗਦਾ ਹੈ।

> "ਸਰਪੰਚ ਤਾਂ ਲੱਗੇ ਓ ਖੜ੍ਹਾ ਕਰਨ ਜੱਟਾਂ ਦੇ ਮੁਕਾਬਲੇ ਜੀ ਸਦਕੇ ਖੜ੍ਹਾ ਕਰੋ। ਪਰ ਅਗਾਂਹ ਵਾਸਤੇ ਸੋਚ ਲਿਉ। ਘਾਹ ਦੱਥੇ, ਬਾਲਣ ਨੀਰੇ ਨੂੰ ਸਾਡੀਆਂ ਬੁੜੀਆਂ ਕੁੜੀਆਂ ਨੂੰ ਇਹਨਾਂ ਦੇ ਖੇਤੀ ਬੱਨੀ ਜਾਣੈ, ਕੌਣ ਵੜਨ ਦੇਊ ਆਪਣੇ ਖੇਤਾਂ ਵਿਚ ?...ਵਿਚਾਰ ਲਿਉ ਚੰਗੀ ਤਰ੍ਹਾਂ। (ਗੁਰਮੀਤ ਕੜਿਆਲਵੀ, ਊਣੇ, ਪੰਨਾ 141)

ਪਿੰਡ ਪੱਧਰ ਤੇ ਜੱਟ-ਚੌਧਰੀ ਦਲਿਤ ਵਰਗ ਦੀਆਂ ਅਜਿਹੀਆਂ ਆਰਥਿਕ ਥੁੜ੍ਹਾਂ ਅਤੇ ਏਕੇ ਦੀ ਘਾਟ ਦਾ ਰੱਜਕੇ ਫ਼ਾਇਦਾ ਉਠਾਉਂਦੇ ਹਨ। ਸਰਪੰਚੀ ਦੀ ਚੌਧਰਤਾ ਨੂੰ ਪੀੜ੍ਹੀ ਦਰ ਪੀੜ੍ਹੀ ਹੜੱਪਣ ਲਈ ਅਤੇ ਸਰਕਾਰੇ ਦਰਬਾਰੇ ਆਪਣੀ ਪਹੁੰਚ ਬਣਾਈ ਰੱਖਣ ਲਈ ਉੱਚ ਵਰਗ ਦੀ ਫਾਇਦਾਵਾਦੀ ਬਿਰਤੀ ਵੀ ਨਿਮਨ ਜਾਤੀਆਂ ਨੂੰ ਅੱਗੇ ਆਉਣ ਤੋਂ ਰੋਕਦੀ ਹੈ। ਇਸ ਤਰ੍ਹਾਂ ਦੇ ਵਸਤੂ ਵੇਰਵੇ ਗੁਰਮੀਤ ਕੜਿਆਲਵੀ ਦੀ ਕਹਾਣੀ ਆਫ਼ਤ ਵਿਚ ਅਗਰਭੂਮਿਤ ਹੁੰਦੇ ਹਨ।

> ਜੇ ਇਹ ਸਰਪੰਚ ਬਣਗੇ ਜਮ੍ਹਾਂ ਹੀ ਹੱਦ ਹੋਜੂ। ਮਖਾ ਉੱਕਾ ਹੀ ਖੇਹ ਹੋਜੂ। ਜੱਟ ਜ਼ਿਮੀਂਦਾਰ ਨੂੰ ਠਾਣੇ ਦਰਬਾਰੇ ਸੌ ਕੰਮ ਧੰਦਾ। ਫੇਰ ਲੋੜ ਵੇਲੇ ਇਹਨਾਂ ਦੇ ਪੈਂਦੀਏ ਬੈਠਿਆ ਕਰਾਂਗੇ। "ਆਪਣੇ ਵੱਲੋਂ ਜਿਹੜਾ ਮਰਜ਼ੀ ਬਣ ਜੇ, ਇਹ ਕੁਜਾਤ ਨ੍ਹੀਂ ਬਨਣੀ ਚਾਹੀਦੀ।" (ਗੁਰਮੀਤ ਕੜਿਆਲਵੀ, ਊਣੇ, ਪੰਨਾ 36)

ਅਜਿਹੀਆਂ ਸਥਿਤੀਆਂ ਵਿਚ ਜੇਕਰ ਨਿਮਨ ਜਾਤੀਆਂ ਸਰਪੰਚੀ ਦੀ ਚੋਣ ਲੜਨ ਲਈ ਉੱਚ ਜਾਤੀਆਂ ਨਾਲ ਟਾਕਰਾ ਵੀ ਕਰਦੀਆਂ ਹਨ ਤਾਂ ਉਚ ਜਾਤੀਆਂ ਵੱਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਜਾਇਜ਼/ਨਜਾਇਜ਼ ਤਰੀਕਿਆਂ, ਚਾਲਾਂ ਨਾਲ, ਕਰਾਰੀ ਹਾਰ ਦਿੱਤੀ ਜਾਂਦੀ ਹੈ। ਕਿਉਂਕਿ ਉੱਚ ਮਾਨਸਿਕਤਾ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦੀਆ ਕਿ ਨਿਮਨ ਜਾਤੀਆਂ ਸਰਪੰਚ ਬਣ ਕੇ ਉਨ੍ਹਾਂ ਉੱਤੇ ਚੌਧਰ ਕਰਨ। ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ **ਅੰਨ੍ਹੀ ਗਲੀ** ਤੇ **ਰੂੜੀ** ਇਸੇ ਤਰ੍ਹਾਂ ਦੀਆਂ ਘਟਨਾਵਾਂ ਦਾ ਪ੍ਰਗਟਾਉ ਕਰਦੀਆਂ ਹਨ।

ਇਸ ਦੇ ਉਲਟ ਜੇਕਰ ਇਕੱਠੇ ਹੋਏ ਦਲਿਤਾਂ ਵਿਚੋਂ ਕੋਈ ਉਮੀਦਵਾਰ ਸਰਪੰਚੀ ਦੀ ਚੋਣ ਕੁਦਰਤੀ ਜਿੱਤ ਵੀ ਜਾਂਦਾ ਹੈ ਤਾਂ ਵੀ ਉਨ੍ਹਾਂ ਦਾ ਹਸ਼ਰ ਮਾੜਾ ਹੀ ਹੁੰਦਾ ਹੈ ਕਿਉਂਕਿ ਜੱਟ ਮਾਨਸਿਕਤਾ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਸਰਪੰਚ ਮੰਨਣ ਲਈ ਤਿਆਰ ਨਹੀਂ ਹੁੰਦੀ। ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਪੁਖਤਾ ਪੇਸ਼ਕਾਰੀ ਭਗਵੰਤ ਰਸੂਲਪੁਰੀ ਦੀ ਕਹਾਣੀ **ਸ਼ਾਮਲਾਟ** ਅਤੇ **ਫ਼ੈਸਲਾ** ਵਿਚ ਹੁੰਦੀ ਹੈ। 'ਫ਼ੈਸਲਾ' ਕਹਾਣੀ ਵਿਚ ਬਾਜ਼ੀਗਰ ਘੀਲੇ ਦਾ ਲੇਲਾ ਵਿਰਕਾਂ ਦੇ ਮੁੰਡਿਆਂ ਦੁਆਰਾ ਚੋਰੀ ਕਰਕੇ ਖਾ ਲਿਆ ਜਾਂਦਾ ਹੈ। ਜਦੋਂ ਗਵਾਹਾਂ ਦੇ ਆਧਾਰ 'ਤੇ ਸੱਚਾਈ ਸਾਹਮਣੇ ਆਉਂਦੀ ਹੈ ਤਾਂ ਦਲਿਤਾਂ ਦੇ ਸਰਪੰਚ ਵੱਲੋਂ ਵਿਰਕਾਂ ਦੇ ਤਿੰਨਾਂ ਪਰਿਵਾਰਾਂ ਨੂੰ 500-500 ਰੁਪਏ ਦਾ ਜੁਰਮਾਨਾ ਭਰਨ ਅਤੇ ਨਾਲ ਹੀ ਘੀਲੇ ਤੋਂ ਮਾਫ਼ੀ ਮੰਗਣ ਦਾ ਫ਼ੈਸਲਾ ਸੁਣਾਇਆ ਜਾਂਦਾ ਹੈ। ਵਿਰਕਾਂ ਵੱਲੋਂ ਇਸ ਫ਼ੈਸਲੇ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਜਾਂਦਾ ਹੈ। ਉਹ ਪੰਚਾਇਤ ਦੀ ਤੌਹੀਨ ਕਰਦੇ ਹੋਏ ਕਹਿੰਦੇ ਹਨ :

> "ਅਸੀਂ ਨਹੀਂ ਮੰਨਦੇ ਇਹ ਫ਼ੈਸਲਾ...ਐਨੀ ਨੇਰ ਗਰਦੀ...ਹੱਦ ਹੋ ਗਈ ਤੁਹਾਡੀ... ਪੰਚਾਇਤ ਈ ਰੱਬ ਹੋਗੀ, ਉਏ ਅਹੀ ਜ਼ਮੀਨਾਂ ਦੇ ਮਾਲਕ, ਟਕੇ-ਟਕੇ ਦੀਆਂ ਚੋਰੀਆਂ ਵਿਚ ਸਾਡਾ ਨਾਂ ਲੱਗੇ।...ਸਾਨੂੰ ਪਰਵਾਹ ਨੀ ਭਾਵੇਂ ਹਜ਼ਾਰਾਂ ਰੁਪਏ ਲੱਗ ਜਾਣ, ਅਸੀਂ ਟਕੇ-ਟਕੇ ਦੇ ਬੰਦਿਆਂ ਥੱਲੇ ਨਹੀਂ ਲੱਗਣਾ।" (ਭਗਵੰਤ ਰਸੂਲਪੁਰੀ, ਫ਼ੈਸਲਾ)

"ਆਪਣੀ ਹੋਂਦ ਨੂੰ ਉਭਾਰਨ ਤੇ ਆਪਣੀ ਜਾਤ-ਬਰਾਦਰੀ ਦੀ ਭਲਾਈ ਦਾ ਖ਼ਾਬ ਦੇਖਣ ਲਈ ਰਾਜਨੀਤੀ ਦੇ ਮਾਰਗ ਨੂੰ ਅਪਨਾ ਕੇ ਵੀ ਨੀਵੀਆਂ ਜਾਤਾਂ ਦੇ ਹੱਥ-ਪੱਲੇ ਕੁਝ ਖ਼ਾਸ ਨਹੀਂ ਪੈਂਦਾ, ਕਿਉਂਕਿ ਸੱਤਾ ਪੂੰਜੀਦਾਰਾਂ ਦੀ ਰਖੇਲ ਰਹੀ ਹੈ। ਪੂੰਜੀਪਤੀਆਂ ਨਾਲ ਮੱਥਾ ਮਾਰਨਾ ਦਲਿਤਾਂ ਦੇ ਵੱਸ ਦੀ ਗੱਲ ਨਹੀਂ।"[1] ਜਦੋਂ ਤੱਕ ਸਾਡਾ ਦਲਿਤ ਭਾਈਚਾਰਾ ਚੇਤੰਨ ਨਹੀਂ ਹੁੰਦਾ ਤਾਂ ਇਸ ਤਰ੍ਹਾਂ ਦੀਆਂ ਤਮਾਮ ਵਧੀਕੀਆਂ/ਸ਼ੋਸ਼ਣ ਹੁੰਦੇ ਹੀ ਰਹਿਣਗੇ। ਲੋੜ ਹੈ ਦਲਿਤ ਏਕਤਾ ਦੀ ਅਤੇ ਵਰਣ-ਵਿਵਸਥਾ ਵਿਰੁੱਧ ਕ੍ਰਾਂਤੀਕਾਰੀ ਸੰਘਰਸ਼ ਵਿੱਢਣ ਦੀ ਜਿਸ ਤੋਂ ਬਿਨਾਂ ਦਲਿਤ ਵਰਗਾਂ ਦੀ ਜ਼ਿੰਦਗੀ ਵਿਚ ਬੁਨਿਆਦੀ ਤਬਦੀਲੀ ਅਸੰਭਵ ਹੈ। "ਉਨ੍ਹਾਂ ਥਾਵਾਂ ਉੱਪਰ ਜਿੱਥੇ ਲੋਕ ਕੁਝ ਹੱਦ ਤੱਕ ਸੰਗਠਿਤ ਹੋ ਚੁੱਕੇ ਹਨ, ਜਾਤੀ ਅਤੇ ਜਮਾਤੀ ਦੋਨਾਂ ਪ੍ਰਕਾਰ ਦੇ ਸ਼ੋਸ਼ਣ ਦੇ ਤਮਾਮ ਰੂਪਾਂ ਦੇ ਵਿਰੁੱਧ ਇਕ ਜ਼ਬਰਦਸਤ ਸਾਹਿਤਕ ਅਤੇ ਸਭਿਆਚਾਰਕ ਵਿਸਫੋਟ ਤੇ ਲਹਿਰ ਦੀ ਵੀ ਲੋੜ ਹੈ। ਉਸ ਲਹਿਰ ਦੀ ਲੋੜ, ਜਿਸ ਨਾਲ ਇਕ ਤਾਂ ਉਨ੍ਹਾਂ ਨੂੰ ਆਪਣੀਆਂ ਜਥੇਬੰਦੀਆਂ ਅਤੇ ਕਾਰਕੁੰਨਾਂ ਦੇ ਅੰਦਰੋਂ ਜਾਤੀਵਾਦੀ ਜ਼ਰਮ ਹੂੰਝ ਸੁੱਟਣ ਲਈ ਮਦਦ ਮਿਲਗੀ ਅਤੇ ਦੂਜਾ, ਦਲਿਤ ਵਰਗਾਂ ਨੂੰ ਕ੍ਰਾਂਤੀਕਾਰੀ ਸੰਘਰਸ਼ ਦਾ ਮੁੱਖ ਆਧਾਰ ਬਣਾਉਣ ਵਿਚ ਵੀ ਸਫ਼ਲਤਾ ਹਾਸਲ ਹੋ ਸਕਦੀ ਹੈ। ਇਸ ਪ੍ਰਕਾਰ ਦੇ ਪ੍ਰੋਗਰਾਮ ਉੱਪਰ ਆਧਾਰਿਤ ਸਾਹਿਤਕ ਤੇ ਸਭਿਆਚਾਰਕ ਲਹਿਰ, ਜਿੱਥੇ ਮਿਹਨਤਕਸ਼ ਵਰਗਾਂ ਅੰਦਰ ਬਰਾਬਰ ਦੀ ਸਮਾਜਕ ਹੈਸੀਅਤ ਅਤੇ ਜਾਤ-ਰਹਿਤ ਚੇਤਨਾ ਪੈਦਾ ਕਰਨ ਲਈ ਇਕ ਚੰਗੀ ਅਤੇ ਸਾਰਥਕ ਪਹਿਲਕਦਮੀ ਸਿੱਧ ਹੋ ਸਕਦੀ ਹੈ, ਉੱਥੇ ਦਲਿਤ ਵਰਗਾਂ ਨੂੰ ਲਾਮਬੰਦ ਕਰਨ ਲਈ ਇਕ ਦੇਸ਼ ਵਿਆਪੀ ਮੁਹਿੰਮ ਵਿੱਢਣ ਦਾ ਰਸਤਾ ਵੀ ਖੋਲ੍ਹ ਸਕਦੀ ਹੈ।"[2] ਇਸ ਤਰ੍ਹਾਂ ਦੇ ਜਤਨਾਂ ਨੂੰ

ਹੋਰ ਤੇਜ਼ ਕਰਨ ਵਿਚ ਪੜ੍ਹੇ-ਲਿਖੇ ਲੋਕਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਤਾਂ ਜੋ ਬ੍ਰਾਹਮਣੀ ਸਮਾਜ ਦੀ ਖ਼ੂੰਖਾਰ ਜਾਤੀ ਪ੍ਰਥਾ ਦੇ ਕੋਹੜ ਨੂੰ ਦੂਰ ਕਰਨ ਦੇ ਜਤਨ ਕਾਰਗਰ ਸਾਬਿਤ ਹੋ ਸਕਣ। ਇਸੇ ਤਰ੍ਹਾਂ ਜੇਕਰ ਪ੍ਰੇਮੀ ਜੋੜੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਚੀਕ' ਅਤੇ ਨੌਰੰਗ ਸਿੰਘ ਦੀ ਕਹਾਣੀ 'ਤਾਰੋ' ਦੇ ਪਾਤਰਾਂ ਵਾਂਗ ਅੰਤਰਜਾਤੀ ਵਿਆਹ ਕਰਵਾਉਣ ਦੀ ਦਲੇਰੀ ਕਰਨਗੇ ਤਾਂ ਜਾਤੀਵਾਦ ਵੀ ਘਟਦਾ ਜਾਵੇਗਾ ਅਤੇ ਵਿਕਾਸ ਦੇ ਰਸਤੇ ਵੀ ਖੁਲ੍ਹਦੇ ਜਾਣਗੇ।

## ਹਵਾਲੇ ਅਤੇ ਟਿੱਪਣੀਆਂ


1. ਡਾ. ਜਸਵਿੰਦਰ ਕੌਰ ਬਿੰਦਰਾ, **ਮਨੋਵਿਗਿਆਨ ਅਤੇ ਪੰਜਾਬੀ ਕਹਾਣੀ**, ਪੰਨਾ 121.
2. ਪ੍ਰੋ. ਹਰਭਜਨ ਸਿੰਘ, ਜਨ ਬੋਧ ਅੰਬੇਦਕਰਵਾਦ ਅਤੇ ਦਲਿਤ ਸਵਾਲ, **ਕਹਾਣੀਧਾਰਾ**, ਅਕਤੂਬਰ–ਦਸੰਬਰ, 2010, ਪੰਨਾ 108.